# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 pm**

**ਮਿਤੀ: 27-05-2025**

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅੱਜ ਸ਼ਾਮ ਰਾਸ਼ਟਰਪਤੀ ਭਵਨ ਵਿਖੇ ਦੂਜੇ ਸਿਵਲ ਸਨਮਾਨ ਸਮਾਰੋਹ ਵਿਚ ਪਦਮ ਅਵਾਰਡ ਭੇਟ ਕਰਨਗੇ। ਦੇਸ਼ ਤੋਂ ਸਭ ਤੋਂ ਉੱਚੇ ਨਾਗਰਿਕ ਸਨਮਾਨਾਂ ਵਿੱਚੋਂ ਇਕ ਪਦਮ ਅਵਾਰਡ, ਤਿੰਨ ਸ਼੍ਰੇਣੀਆਂ – ਪਦਮ ਵਿਭੂਸ਼ਣ, ਪਦਮ ਭੂਸ਼ਣ ਤੇ ਪਦਮਸ੍ਰੀ ਵਿਚ ਪ੍ਰਦਾਨ ਕੀਤੇ ਜਾਂਦੇ ਨੇ। ਇਹ ਅਵਾਰਡ ਕਲਾ, ਸਮਾਜਿਕ ਸੇਵਾ, ਜਨਤਕ ਮਾਮਲਿਆਂ, ਵਿਗਿਆਨ ਤੇ ਇੰਜੀਨੀਅਰਿੰਗ, ਵਪਾਰ ਤੇ ਸਨਅਤ, ਦਵਾਈ, ਸਾਹਿਤ ਤੇ ਸਿੱਖਿਆ, ਖੇਡਾਂ ਤੇ ਸਿਵਲ ਸੇਵਾ ਸਮੇਤ ਵੱਖ-ਵੱਖ ਵਿਸ਼ਿਆਂ ਤੇ ਖੇਤਰਾਂ ਲਈ ਦਿੱਤੇ ਜਾਂਦੇ ਨੇ। ਸਾਡੇ ਪੱਤਰਕਾਰ ਨੇ ਦੱਸਿਆ ਏ ਕਿ ਇਸ ਸਾਲ ਸਰਕਾਰ ਨੇ 139 ਪਦਮ ਅਵਾਰਡਾਂ ਦਾ ਐਲਾਨ ਸੀ, ਜਿਸ ਵਿਚ ਸੱਤ ਪਦਮ ਵਿਭੂਸ਼ਣ, 19 ਪਦਮ ਭੂਸ਼ਣ ਤੇ 113 ਪਦਮਸ੍ਰੀ ਅਵਾਰਡ ਸ਼ਾਮਲ ਨੇ।

---------------------------------------------------------------------------

ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਲੰਬੀ ਹਲਕੇ ਦੇ ਪਿੰਡ ਕੱਖਾਂਵਾਲੀ ਦੇ ਖੇਤਾਂ ਵਿਚ ਪਹੁੰਚ ਕੇ ਕਿਸਾਨਾਂ ਨੂੰ ਜ਼ਮੀਨ ਹੇਠਲਾ ਪਾਣੀ ਬਚਾਉਣ ਲਈ ਪ੍ਰੇਰਿਤ ਕੀਤਾ। ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਵਾਸਤੇ ਇਸ ਸਾਉਣੀ ਸੀਜ਼ਨ ਦੌਰਾਨ 5 ਲੱਖ ਏਕੜ ਰਕਬੇ ਨੂੰ ਝੋਨੇ ਦੀ ਸਿੱਧੀ ਬਿਜਾਈ (ਡੀ.ਐਸ.ਆਰ.) ਅਧੀਨ ਲਿਆਉਣ ਦਾ ਟੀਚਾ ਮਿੱਥਿਆ ਏ ਅਤੇ ਸੂਬੇ ਵਿਚ ਝੋਨੇ ਦੀ ਸਿੱਧੀ ਬਿਜਾਈ 15 ਮਈ ਤੋਂ ਸ਼ੁਰੂ ਹੋ ਚੁੱਕੀ ਏ। ਸ. ਖੁੱਡੀਆਂ ਨੇ ਦੱਸਿਆ ਕਿ ਕਿਸਾਨ, ਸਿੱਧੀ ਬਿਜਾਈ ਤਕਨੀਕ ਦੀ ਵਰਤੋਂ ਕਰ ਕੇ ਝੋਨੇ ਦੀ ਕਾਸ਼ਤ ਸ਼ੁਰੂ ਕਰ ਸਕਦੇ ਨੇ, ਪੰਜਾਬ ਸਰਕਾਰ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਅਪਣਾਉਣ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ, 1500 ਰੁਪਏ ਵਿੱਤੀ ਮਦਦ ਦੇ ਰਹੀ ਏ। ਕਿਸਾਨ ਆਉਂਦੀ 30 ਜੂਨ ਤੱਕ ਆਨਲਾਈਨ ਪੋਰਟਲ agrimachinerypb.com ਉਤੇ ਡੀ. ਐੱਸ ਆਰ. ਸਕੀਮ ਲਈ ਰਜਿਸਟਰ ਕਰ ਸਕਦੇ ਨੇ।

---------------------------------------------------------------------------------

ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਨੂੰ ਲੈ ਕੇ ਪੂਰੇ ਦੇਸ਼ ਵਿਚ ਤਿਰੰਗਾ ਯਾਤਰਾ ਕੱਢਣ ਦਾ ਸਿਲਸਿਲਾ ਜਾਰੀ ਏ। ਇਸੇ ਲੜੀ ਵਿਚ ਬੀਤੇ

ਕੱਲ ਗੁਰਦਾਸਪੁਰ ਦੇ ਦੀਨਾਨਗਰ ਵਿਚ ਰਾਸ਼ਟਰੀ ਨਾਗਰਿਕ ਸੁਰਕਸ਼ਾ ਮੰਚ ਨੇ ਕੱਲ ਸ਼ਹਿਰ ਵਿਚ ਤਿਰੰਗਾ ਯਾਤਰਾ ਕੱਢੀ। ਇਸ ਮੌਕੇ ਦੇਸ਼ ਦੀ ਏਕਤਾ ਤੇ ਭਾਰਤੀ ਫੌਜ ਲਈ ਜਿੰਦਾਬਾਦ ਦੇ ਨਾਅਰੇ ਲਗਾਏ ਗਏ। ਇਸੇ ਦੌਰਾਨ ਮੋਹਾਲੀ ਦੇ ਪਿੰਡ ਸੋਹਾਣਾ ਵਿਚ ਲੋਕਾਂ ਨੇ ਤਿਰੰਗਾ ਯਾਤਰਾ ਕੱਢੀ। ਇਹ ਯਾਤਰਾ ਸੋਹਾਣਾ ਦੇ ਨਰਸਿੰਗ ਕਾਲਜ ਤੋ ਸ਼ੁਰੂ ਹੋ ਕੇ ਵੱਖ- ਵੱਖ ਥਾਈਂ ਪੁੱਜੀ। ਇਸ ਮੌਕੇ  ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਦੇ ਨਾਲ-ਨਾਲ ਹੱਥਾਂ ਵਿਚ ਤਿਰੰਗੇ ਝੰਡੇ ਫੜੀ ਸਾਰੇ ਲੋਕ **ਭਾਰਤ ਮਾਤਾ ਦੀ ਜੈ** ਅਤੇ **ਵੰਦੇ ਮਾਤਰਮ** ਦੇ ਨਾਅਰੇ ਲਾਉਂਦੇ ਹੋਏ ਫੌਜੀ ਜਵਾਨਾਂ ਦੀ ਬਹਾਦਰੀ ਨੂੰ ਨਮਨ ਕਰ ਰਹੇ ਸਨ।

---------------------------------------------------------------------------------

ਭਾਰਤੀ ਫੌਜ ਨੇ ਫਿਰੋਜ਼ਪੁਰ ਦੇ ਨਾਗਰਿਕਾਂ ਤੇ ਸਿਵਲ ਪ੍ਰਸ਼ਾਸਨ ਨਾਲ ਆਪ੍ਰੇਸ਼ਨ ਸਿੰਦੂਰ ਦੀ ਸਫਲਤਾ ਸਾਂਝੀ ਕਰਨ ਲਈ ਹੁਣੇ ਜਿਹੇ ਵਿਸ਼ੇਸ਼ ਸਮਾਗਮ ਏਕਤਾ ਸ਼ਕਤੀ ਕਰਵਾਇਆ ਗਿਆ। ਆਪ੍ਰੇਸ਼ਨ ਸਿੰਦੂਰ ਦੌਰਾਨ ਜ਼ਰੂਰੀ ਸੇਵਾਵਾਂ ਤੇ ਸੁਰੱਖਿਆ ਸਹਾਇਤਾ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਹਮਾਇਤ ਤੇ ਯੋਗਦਾਨ ਲਈ ਫੌਜ ਨੇ ਬਹੁਤ ਸਾਰੇ ਸਰਪੰਚਾਂ, ਪੰਚਾਂ, ਕਿਸਾਨਾਂ, ਨਾਗਰਿਕਾਂ ਤੇ ਜਿਲਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਸ਼ਲਾਘਾ ਕੀਤੀ ਤੇ ਸਨਮਾਨ ਕੀਤਾ। ਇਨਾਂ ਵਿੱਚੋਂ ਇਕ

10 ਸਾਲਾਂ ਦਾ ਸਭ ਤੋਂ ਛੋਟਾ ਯੋਧਾ ਮਾਸਟਰ Shavan ਵੀ ਸੀ, ਜਿਸ ਨੇ ਸਰਹੱਦੀ ਪਿੰਡਾਂ ਵਿਚ ਤਾਇਨਾਤ ਫੌਜ ਦੇ ਜਵਾਨਾਂ ਦੀ ਮਦਦ ਕੀਤੀ। ਇਸ ਉਤਸ਼ਾਹੀ ਬੱਚੇ ਨੇ ਕਿਹਾ ਕਿ ਉਸ ਨੇ ਆਪਣੇ ਸਕੂਲ ਤੋਂ ਸਾਰਿਆਂ ਦੀ ਮਦਦ ਕਰਨਾ ਸਿੱਖਿਆ ਏ। ਸਰਕਾਰੀ ਪ੍ਰਾਇਮਰੀ ਸਕੂਲ ਦੇ ਚੌਥੀ ਜਮਾਤ ਦੇ ਵਿਦਿਆਰਥੀ ਨੇ ਕਿਹਾ-

-----------------------------------------------------------------------------

ਅੰਮ੍ਰਿਤਸਰ ਵਿਚ ਧਮਾਕਾਖੇਜ਼ ਸਮੱਗਰੀ ਦੀ ਖੇਪ ਲੈਣ ਆਏ ਇਕ ਵਿਅਕਤੀ ਦੀ ਉਸ ਸਮੇਂ ਮੌਤ ਹੋ ਗਈ, ਜਦੋਂ ਅਚਾਨਕ ਇਸ ਸਮੱਗਰੀ ਵਿਚ ਧਮਾਕਾ ਹੋ ਗਿਆ। ਅੰਮ੍ਰਿਤਸਰ ਰੇਂਜ ਦੇ ਡੀ.ਆਈ.ਜੀ. ਸਤਿੰਦਰ ਸਿੰਘ ਨੇ ਇਸ ਮਾਮਲੇ ਦੇ ਤਾਰ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਜੁੜੇ ਹੋਣ ਦਾ ਖ਼ਦਸ਼ਾ ਜਾਹਰ ਕੀਤਾ ਏ। ਉਨਾਂ ਦੱਸਿਆ ਕਿ ਤਫ਼ਤੀਸ਼ ਜਾਰੀ ਏ ਤੇ ਜਲਦੀ ਹੋਰ ਖੁਲਾਸੇ ਕੀਤੇ ਜਾਣਗੇ।

-----------------------------------------------------------------------------

ਪੰਜਾਬ ਦੇ ਖ਼ਜਾਨਾ, ਯੋਜਨਾਬੰਦੀ ਤੇ ਆਬਕਾਰੀ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕੱਲ ਚੰਡੀਗੜ ਵਿਚ ਹੋਈ ਜਾਇਜਾ ਮੀਟਿੰਗ ਵਿਚ ਸੂਬੇ ਵਿਚ ਗੈਰ-ਕਾਨੂੰਨੀ ਸ਼ਰਾਬ ਬਣਾਉਣ, ਇਸ ਦੀ ਵਿਕਰੀ ਤੇ ਤਸਕਰੀ ਉੱਤੇ ਠੱਲ ਪਾਉਣ ਲਈ ਆਬਕਾਰੀ ਵਿਭਾਗ ਨੂੰ ਸਖ਼ਤ

ਹਦਾਇਤਾਂ ਕੀਤੀਆਂ ਨੇ। ਖ਼ਜਾਨਾ ਮੰਤਰੀ ਨੇ ਆਬਕਾਰੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕਿਹਾ ਕਿ ਜੇ ਕੋਈ ਸਰਕਾਰੀ ਅਫ਼ਸਰ ਗੈਰ-ਕਾਨੂੰਨੀ ਸ਼ਰਾਬ ਸਬੰਧੀ ਸਰਗਰਮੀਆਂ ਨੂੰ ਰੋਕਣ ਵਿਚ ਕੁਤਾਹੀ ਕਰਦਾ ਪਾਇਆ ਗਿਆ ਤਾਂ ਉਸ ਦੇ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਖ਼ਜਾਨਾ ਮੰਤਰੀ ਚੀਮਾ ਨੇ ਪੰਜਾਬ ਵਿਚ ਹੋਰਨਾਂ ਸੂਬਿਆਂ ਖਾਸਕਰ  ਚੰਡੀਗੜ੍ਹ ਤੋਂ ਸ਼ਰਾਬ ਦੀ ਤਸਕਰੀ ਨੂੰ ਰੋਕਣ ਲਈ ਚੌਕਸੀ ਵਧਾਉਣ ‘ਤੇ ਜੋਰ ਦਿੱਤਾ। ਉਨਾਂ ਨੇ ਸ਼ਰਾਬ ਵੰਡ ਪ੍ਰਣਾਲੀ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਨਿਰਦੇਸ਼ ਦਿੱਤੇ ਕਿ ਅਧਿਕਾਰਤ ਸਰੋਤਾਂ ਤੋਂ ਸ਼ਰਾਬ ਦੀ ਕੁੱਲ ਲਿਫਟਿੰਗ, ਇਸ ਦੀ ਕਾਊਂਟਰ ਵਿਕਰੀ ਦੇ ਬਰਾਬਰ ਹੋਵੇ, ਤਾਂ ਜੋ ਸ਼ਰਾਬ ਗੈਰ-ਕਾਨੂੰਨੀ ਬਾਜ਼ਾਰ ਵਿਚ ਪੁੱਜਣ ਦੀ ਹਰ ਗੁੰਜਾਇਸ਼ ਨੂੰ ਖ਼ਤਮ ਕੀਤਾ ਜਾ ਸਕੇ।